# ਵਰਕਰਾਂ ਲਈ ਨਿੱਜਤਾ ਬਿਆਨ

ਵਰਕਰਾਂ ਲਈ ਇਹ ਨਿੱਜਤਾ ਬਿਆਨ ਉਸ ਜਾਣਕਾਰੀ ਦਾ ਵਖਾਣ ਕਰਦਾ ਹੈ ਜੋ ਡਬਲੂ.ਐਸ.ਆਈ.ਬੀ. (WSIB) ਤੁਹਾਡੇ ਬਾਰੇ - ਸੰਗਠਨ ਦੇ ਜਰੀਏ - ਇਕੱਤਰ ਕਰਦੀ ਹੈ।

ਅਸੀਂ ਤੁਹਾਡੀ ਨਿੱਜਤਾ ਅਤੇ ਤੁਹਾਡੀ ਨਿੱਜੀ ਜਾਣਕਾਰੀ ਦੀ ਗੁਪਤਤਾ ਦੀ ਰੱਖਿਆ ਕਰਨ ਲਈ ਵਚਨਬੱਧ ਹਾਂ। ਡਬਲੂ.ਐਸ.ਆਈ.ਬੀ. (WSIB) Workplace Safety and Insurance Act (ਕਾਰਜ-ਸਥਾਨ ਸੁਰੱਖਿਆ ਅਤੇ ਬੀਮਾ ਅਧਿਨਿਯਮ) ਨੂੰ ਚਲਾਉਣ ਅਤੇ ਲਾਗੂ ਕਰਨ ਲਈ ਤੁਹਾਡੀ ਜਾਣਕਾਰੀ ਇਕੱਤਰ ਕਰਦੀ ਹੈ ਅਤੇ ਇਹ Freedom of Information and Protection of Privacy Act (ਜਾਣਕਾਰੀ ਦੀ ਆਜ਼ਾਦੀ ਅਤੇ ਨਿੱਜਤਾ ਅਧਿਨਿਯਮ ਦੀ ਰੱਖਿਆ) ਦੇ ਅਧੀਨ ਹੈ।

## ਤੁਹਾਡੀ ਨਿੱਜੀ ਜਾਣਕਾਰੀ ਇਕੱਤਰ ਕਰਨਾ

ਤੁਹਾਡੇ ਨਾਲ ਸਬੰਧਤ ਜਾਣਕਾਰੀ ਕਈ ਸਰੋਤਾਂ ਤੋਂ ਸਿੱਧੇ ਤੌਰ ਤੇ ਵੱਖ-ਵੱਖ ਸਾਧਨਾਂ – ਤੁਸੀਂ, ਤੁਹਾਡਾ ਨੌਕਰੀਦਾਤਾ, ਤੁਹਾਡੇ ਸਿਹਤ ਦੇਖਭਾਲ ਪ੍ਰਦਾਤੇ ਅਤੇ ਕੰਮ ਵਿੱਚ ਮੁੜ-ਸ਼ਮੂਲੀਅਤ ਸਬੰਧੀ ਸੇਵਾਵਾਂ ਦੇ ਪ੍ਰਦਾਤੇ, ਅਤੇ ਹੋਰ – ਦੇ ਜਰੀਏ ਇਕੱਤਰ ਕੀਤੀ ਜਾਂਦੀ ਹੈ - ਜਿਵੇਂ ਕਿ ਹੇਠ ਲਿਖੇ ਉਦੇਸ਼ਾਂ ਲਈ ਲੋੜ ਹੁੰਦੀ ਹੈ:

### ਪ੍ਰਸ਼ਾਸਨਿਕ

ਅਸੀਂ ਤੁਹਾਨੂੰ ਪਛਾਣ-ਸਬੰਧੀ ਜਾਣਕਾਰੀ ਪ੍ਰਦਾਨ ਕਰਨ ਲਈ ਕਹਿੰਦੇ ਹਾਂ ਜਿਵੇਂ ਕਿ ਤੁਹਾਡਾ ਨਾਂ, ਪਤਾ, ਘਰ ਦਾ ਟੈਲੀਫ਼ੋਨ ਨੰਬਰ, ਅਤੇ ਜਨਮ ਤਾਰੀਖ। ਇਹ ਜਾਣਕਾਰੀ ਤੁਹਾਡੇ ਦਾਅਵੇ(ਦਾਅਵਿਆਂ) ਨੂੰ ਪ੍ਰਭਾਵ ਵਿੱਚ ਲਿਆਉਣ ਲਈ ਜ਼ਰੂਰੀ ਹੈ ਜਿਸ ਵਿੱਚ ਤੁਹਾਡੇ ਨਾਲ ਗੱਲਬਾਤ ਕਰਨੀ, ਸਹੀ ਦਾਅਵੇ(ਦਾਅਵਿਆਂ) ਨਾਲ ਰਿਕਾਰਡਾਂ ਨੂੰ ਮੇਲਣਾ ਅਤੇ ਬੈਨੇਫਿਟ ਭੁਗਤਾਨ(ਨਾਂ) ਨੂੰ ਜਾਰੀ ਕਰਨਾ ਸ਼ਾਮਲ ਹੈ। ਕਿਰਪਾ ਕਰਕੇ ਨੋਟ ਕਰੋ ਕਿ ਆਉਣ ਵਾਲੀਆਂ ਅਤੇ ਕੀਤੀਆਂ ਜਾਣ ਵਾਲੀਆਂ ਕਾਲਾਂ ਨੂੰ ਗੁਣਵੱਤਾ ਤਸੱਲੀ ਦੇ ਉਦੇਸ਼ਾਂ ਲਈ ਰਿਕਾਰਡ ਕੀਤਾ ਜਾ ਸਕਦਾ ਹੈ।

ਜਦੋਂ ਦਾਅਵਾ ਰਜਿਸਟਰ ਕੀਤਾ ਜਾਂਦਾ ਹੈ, ਤਾਂ ਕੈਨੇਡਾ ਰੈਵਿਨਿਊ ਏਜੰਸੀ (ਸੀ.ਆਰ.ਏ.) (CRA) ਅਤੇ ਆਮਦਨੀ ਕਰ ਅਧਿਨਿਯਮ (ਆਈ.ਟੀ.ਏ.) (ITA) ਦੀ ਲੋੜ ਦੇ ਮੁਤਾਬਕ ਤੁਹਾਡੀ ਪਛਾਣ ਲਈ ਅਤੇ ਆਮਦਨੀ ਕਰ ਜਾਣਕਾਰੀ ਬਿਓਰੇ ਜਾਰੀ ਕਰਨ ਲਈ ਤੁਹਾਡੀ ਸਮਾਜਕ ਬੀਮਾ ਸੰਖਿਆ ਲਈ ਜਾਂਦੀ ਹੈ। ਆਈ.ਟੀ.ਏ. (ITA) ਅਤੇ ਸੀ.ਆਰ.ਏ. (CRA) ਦੇ ਸਮਝੌਤੇ ਦੇ ਤਹਿਤ, ਪਛਾਣ-ਸਬੰਧੀ ਅਤੇ ਆਮਦਨੀ/ਬੈਨੇਫਿਟ ਜਾਣਕਾਰੀ, ਜਿਵੇਂ ਕੈਨੇਡਾ ਪੈਨਸ਼ਨ ਯੋਜਨਾ (ਸੀ.ਪੀ.ਪੀ.) (CPP) ਅਯੋਗਤਾ, ਦੀ ਤਸਦੀਕ ਡਬਲੂ.ਐਸ.ਆਈ.ਏ. (WSIA) ਨੂੰ ਚਲਾਉਣ ਅਤੇ ਲਾਗੂ ਕਰਨ ਦੇ ਉਦੇਸ਼ਾਂ ਲਈ ਕੀਤੀ ਜਾ ਸਕਦੀ ਹੈ।

### ਆਰਥਿਕ

ਜਾਣਕਾਰੀ, ਜਿਵੇਂ ਕਿ ਤੁਹਾਡੀ ਹਫਤਾਵਾਰ, ਮਾਸਿਕ ਜਾਂ ਸਲਾਨਾ ਆਮਦਨੀ, ਦੇ ਕਾਰਨ ਅਸੀਂ ਤੁਹਾਡੀ ਮਿਹਨਤਾਨੇ-ਸਬੰਧੀ ਹਾਨੀ ਦੇ ਬੈਨੇਫਿਟਾਂ ਦੀ ਦਰ ਦਾ ਪਤਾ ਲਗਾ ਸਕਦੇ ਹਾਂ, ਅਤੇ ਲਾਜ਼ਮੀ ਤੌਰ ਤੇ ਇਸਦੀ ਪੁਸ਼ਟੀ ਤੁਹਾਡੇ ਨੌਕਰੀਦਾਤਾ ਜਾਂ ਪੇਅ ਸਟੱਬ ਦੁਆਰਾ ਕੀਤੀ ਜਾਣੀ ਚਾਹੀਦੀ ਹੈ।

ਤੁਹਾਨੂੰ ਸਮਾਜਕ ਸਹਿਯੋਗ, ਰੁਜ਼ਗਾਰ ਬੀਮਾ ਅਤੇ ਨਿੱਜੀ ਬੀਮਾ ਜਿਹੇ ਆਮਦਨੀ ਵਟਾਂਦਰੇ ਦੇ ਸਰੋਤਾਂ ਦੀ ਲੋੜ ਡਬਲੂ.ਐਸ.ਆਈ.ਬੀ. (WSIB) ਨੂੰ ਰਿਪੋਰਟ ਕਰਨ ਲਈ ਪੈ ਸਕਦੀ ਹੈ ਤਾਂ ਕਿ ਭੁਗਤਾਨਾਂ ਅਤੇ/ਜਾਂ ਬੈਨੇਫਿਟ-ਸਬੰਧੀ ਰਿਣਾਂ ਦੀ ਨਕਲਾਂ ਤੋਂ ਬਚਿਆ ਜਾ ਸਕੇ। ਤੁਹਾਡੀ ਬੈਂਕ ਖਾਤਾ ਨੰਬਰ ਮੰਗਿਆ ਜਾ ਸਕਦਾ ਹੈ ਜੇ ਸਿੱਧਾ ਜਮ੍ਹਾਂ (ਡਾਇਰੈਕਟ ਡਿਪੋਜ਼ਿਟ) ਇੱਕ ਵਿਕਲਪ ਹੁੰਦਾ ਹੈ ਅਤੇ ਜ਼ਰੂਰੀ ਹੁੰਦਾ ਹੈ।

### ਡਾਕਟਰੀ

ਤੁਹਾਡਾ ਇਲਾਜ ਕਰ ਰਹੇ ਸਿਹਤ ਪੇਸ਼ਾਵਰਾਂ ਦੀਆਂ ਰਿਪੋਰਟਾਂ, ਫਿਜ਼ਿਓਥੈਰੇਪੀ (ਭੌਤਿਕ ਚਿਕਿਤਸਾ) ਇਲਾਜ ਦੀਆਂ ਤਾਰੀਖਾਂ,ਹਸਪਤਾਲ ਦੇ ਰਿਕਾਰਡਾਂ ਜਾਂ ਇਲਾਜ ਦੇ ਹੋਰਨਾਂ ਰਿਕਾਰਡਾਂ ਜਿਹੀ ਜਾਣਕਾਰੀ ਸਾਡੀ ਮਦਦ ਕਰਨ ਲਈ ਇਕੱਤਰ ਕੀਤੀ ਜਾਂਦੀ ਹੈ ਤਾਂ ਕਿ ਅਸੀਂ ਬੈਨੇਫਿਟਾਂ ਲਈ ਤੁਹਾਡੀ ਯੋਗਤਾ ਨੂੰ ਨਿਰਧਾਰਤ ਕਰ ਸਕੀਏ। ਇਹ ਅਜਿਹੀ ਵਾਧੂ ਕਿਸਮ ਦੀ ਮਦਦ ਦਾ ਪਤਾ ਲਗਾਉਣ ਵਿੱਚ ਵੀ ਮਦਦ ਕਰਦੀ ਹੈ ਜਿਸਦੀ ਤੁਹਾਨੂੰ ਜਾਂ ਤੁਹਾਡੇ ਸਿਹਤ ਦੇਖਭਾਲ ਪ੍ਰਦਾਤੇ ਨੂੰ ਲੋੜ ਹੋ ਸਕਦੀ ਹੈ, ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਗੁਣਵੱਤਾ ਸਿਹਤ ਦੇਖਭਾਲ ਪ੍ਰਾਪਤ ਕਰਦੇ ਹੋ। ਕਾਰਜਸਥਾਨ ਸੁਰੱਖਿਆ ਅਤੇ ਬੀਮਾ ਅਧਿਨਿਯਮ ਦੀ ਧਾਰਾ 37 ਦੇ ਮੁਤਾਬਕ ਇਹ ਜ਼ਰੂਰੀ ਹੈ ਕਿ ਇਲਾਜ ਕਰ ਰਹੇ ਸਿਹਤ ਪੇਸ਼ਾਵਰਾਂ ਨੂੰ ਤੁਹਾਡੀ ਰਜ਼ਾਮੰਦੀ ਦੇ ਬਗੈਰ ਤੁਹਾਡੀ ਦਾਅਵੇ ਸਬੰਧੀ ਸਿਹਤ ਜਾਣਕਾਰੀ ਦੇ ਨਾਲ ਡਬਲ੍ਯੂ.ਐਸ.ਆਈ.ਬੀ. ਪ੍ਰਦਾਨ ਕੀਤੀ ਜਾਵੇ।

### ਧੋਖਾਧੜੀ ਅਤੇ ਉਲੰਘਣਾ

ਧੋਖਾਧੜੀ ਜਾਂ ਉਲੰਘਣਾ ਲਈ ਅਪਰਾਧਕ ਜਾਂ ਹੋਰ ਜਾਂਚ-ਪੜਤਾਲ ਦੀ ਕਾਰਵਾਈ ਵਿੱਚ ਪ੍ਰਸ਼ਾਸਨਿਕ, ਆਰਥਿਕ ਅਤੇ ਡਾਕਟਰੀ ਜਾਣਕਾਰੀ ਇਕੱਤਰ ਕੀਤੀ ਜਾ ਸਕਦੀ ਹੈ।

## ਤੁਹਾਡੀ ਨਿੱਜੀ ਜਾਣਕਾਰੀ ਦਾ ਇਸਤੇਮਾਲ, ਸੰਭਾਲ, ਅਤੇ ਖੁਲਾਸਾ

### ਲਾਭ-ਸਬੰਧੀ ਪ੍ਰਸ਼ਾਸਨ

ਅਜਿਹਾ ਸਮਾਂ ਵੀ ਹੋ ਸਕਦਾ ਹੈ, ਜਿਵੇਂ ਕਿ ਫੈਸਲਾ ਪੱਤਰ, ਜਾਂ ਗੈਰ-ਆਰਥਿਕ ਹਾਨੀ (ਐਨ.ਈ.ਐਲ.) (NEL) ਡਾਕਟਰੀ ਆਕਲਨ, ਜਾਂ ਤੁਹਾਡੇ ਜਾਂ ਤੁਹਾਡੇ ਨੌਕਰੀਦਾਤਾ ਦੁਆਰਾ ਡਬਲ੍ਯੂ.ਐਸ.ਆਈ.ਬੀ. (WSIB) ਫੈਸਲੇ ਦੀ ਅਪੀਲ, ਜਦੋਂ ਤੁਹਾਡੇ ਦਾਅਵੇ ਨਾਲ ਸਬੰਧਤ ਨਿੱਜੀ ਸਿਹਤ ਜਾਣਕਾਰੀ ਸਮੇਤ ਗੁਪਤ ਜਾਣਕਾਰੀ ਦਾ ਖੁਲਾਸਾ ਤੁਹਾਡੀ ਰਜ਼ਾਮੰਦੀ ਤੋਂ ਬਿਨਾਂ ਤੁਹਾਡੇ ਨੌਕਰੀਦਾਤਾ ਨੂੰ ਕੀਤਾ ਜਾ ਸਕਦਾ ਹੈ। ਇਹ ਕਾਰਜਸਥਾਨ ਸੁਰੱਖਿਆ ਅਤੇ ਬੀਮਾ ਅਧਿਨਿਯਮ ਦੇ ਮੁਤਾਬਕ ਅਤੇ ਜਾਣਕਾਰੀ ਦੀ ਆਜ਼ਾਦੀ ਅਤੇ ਨਿੱਜਤਾ ਦੀ ਸੁਰੱਖਿਆ ਅਧਿਨਿਯਮ ਦੇ ਮੁਤਾਬਕ ਹੈ।

ਤੁਹਾਡੇ ਦਾਅਵੇ ਤੇ ਕੰਮ ਕਰ ਰਹੇ ਡਬਲ੍ਯੂ.ਐਸ.ਆਈ.ਬੀ. (WSIB) ਕਰਮਚਾਰੀ ਅਤੇ ਠੇਕੇ-ਸਬੰਧੀ ਪ੍ਰਦਾਤਿਆਂ ਦੀ ਤੁਹਾਡੀ ਨਿੱਜੀ ਜਾਣਕਾਰੀ ਤੇ ਪਹੁੰਚ ਹੁੰਦੀ ਹੈ। ਦਾਅਵੇ ਨੂੰ ਫਾਈਲ ਕਰਨ ਸਬੰਧੀ ਸਾਰੀ ਜਾਣਕਾਰੀ ਨੂੰ ਗੁਪਤ ਸਮਝਿਆ ਜਾਂਦਾ ਹੈ ਅਤੇ ਤੁਹਾਡੀ ਜਾਣਕਾਰੀ ਤੇ ਪਹੁੰਚ ਜਾਣਨ-ਦੀ-ਲੋੜ ਦੇ ਆਧਾਰ ਤੇ ਹੁੰਦੀ ਹੈ।

ਅੱਜ ਦੇ ਕਈ ਸਾਰਵਜਨਿਕ ਅਤੇ ਨਿੱਜੀ ਸੰਗਠਨਾਂ ਦੀ ਤਰ੍ਹਾਂ, ਡਬਲ੍ਯੂ.ਐਸ.ਆਈ.ਬੀ. (WSIB) ਵੀ ਬਾਹਰੀ ਕੰਪਨੀਆਂ ਦੀ ਸੇਵਾਵਾਂ ਵਰਤਦੀ ਹੈ। ਮਿਸਾਲ ਦੇ ਤੌਰ ਤੇ, ਬਾਹਰੀ ਸੇਵਾ ਪ੍ਰਦਾਤਾ ਤੁਹਾਡੇ ਦਾਅਵੇ ਦੇ ਨਿਰਧਾਰਨ ਲਈ ਭੁਗਤਾਨ-ਸਬੰਧੀ ਕਾਰਵਾਈ ਕਰਦਾ ਹੈ ਜਾਂ ਲਾਗਤ ਵਸੂਲੀ ਉਦੇਸ਼ਾਂ ਲਈ ਤੁਹਾਡੇ ਦਾਅਵੇ ਦਾ ਖੁਲਾਸਾ ਕਿਸੇ ਤੀਜੇ ਧਿਰ ਨੂੰ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਦੀਆਂ ਸਥਿਤੀਆਂ ਵਿੱਚ, ਠੇਕੇ-ਸਬੰਧੀ ਸਮਝੌਤਿਆਂ ਨੂੰ ਤੁਹਾਡੀ ਨਿੱਜੀ ਜਾਣਕਾਰੀ ਦੀ ਰੱਖਿਆ ਕਰਨ ਲਈ ਉਸੇ ਤਰ੍ਹਾਂ ਰੱਖਿਆ ਜਾਂਦਾ ਹੈ।

ਤੁਹਾਡੀ ਜਾਣਕਾਰੀ ਨੂੰ ਕਾਗਜ਼ੀ ਰੂਪ ਵਿੱਚ ਜਾਂ ਇਲੈਕਟ੍ਰੋਨਿਕ ਰੂਪ ਵਿੱਚ ਸਟੋਰ ਕੀਤਾ ਜਾਂਦਾ ਹੈ, ਅਤੇ ਇਸਨੂੰ ਕਿਸੇ ਵਿਦੇਸ਼ੀ ਅਧਿਕਾਰ-ਖੇਤਰ ਵਿੱਚ ਰੱਖਿਆ ਜਾ ਸਕਦਾ ਹੈ। ਅਜਿਹੇ ਮਾਮਲਿਆਂ ਵਿੱਚ, ਤੁਹਾਡੀ ਜਾਣਕਾਰੀ ਉਨ੍ਹਾਂ ਦੇਸ਼ਾਂ ਦੇ ਕਨੂੰਨਾਂ ਅਧੀਨ ਰੱਖਿਆ ਜਾ ਸਕਦਾ ਹੈ ਅਤੇ ਇਸਦਾ ਖੁਲਾਸਾ ਸਰਕਾਰੀ ਅਦਾਰਿਆਂ, ਅਦਾਲਤਾਂ ਜਾਂ ਉਨ੍ਹਾਂ ਦੇਸ਼ਾਂ ਦੇ ਕਨੂੰਨ ਅਮਲੀਕਰਨਾਂ ਵੱਲੋਂ ਕੀਤੀਆਂ ਜਾਣ ਵਾਲੀਆਂ ਮੰਗਾਂ ਜਾਂ ਬੇਨਤੀਆਂ ਦੇ ਜਵਾਬ ਵਿੱਚ ਕੀਤਾ ਜਾ ਸਕਦਾ ਹੈ।

### ਕੰਮ ਤੇ ਵਾਪਸੀ ਅਤੇ ਸਿਹਤਯਾਬੀ

ਜਦੋਂ ਤੁਸੀਂ ਬੈਨੇਫਿਟਾਂ ਲਈ ਦਾਅਵਾ ਕਰਦੇ ਹੋ, ਤਾਂ ਤੁਹਾਡੇ ਲਈ ਆਪਣੀਆਂ ਕਿਰਿਆ-ਸਬੰਧੀ ਯੋਗਤਾਵਾਂ ਦੀ ਜਾਣਕਾਰੀ ਦਾ ਖ਼ੁਲਾਸਾ ਕਰਨ ਲਈ ਰਾਜ਼ੀ ਹੋਣਾ ਲਾਜ਼ਮੀ ਹੁੰਦਾ ਹੈ। ਇਸ ਰਜ਼ਾਮੰਦੀ ਦੇ ਨਾਲ ਤੁਹਾਡਾ ਸਿਹਤ ਦੇਖਭਾਲ ਪ੍ਰੈਕਟਿਸ਼ਨਰ ਤੁਹਾਡੀਆਂ ਕਿਰਿਆ-ਸਬੰਧੀ ਯੋਗਤਾਵਾਂ ਬਾਰੇ ਸਿੱਧਾ ਤੁਹਾਡੇ ਨੌਕਰੀਦਾਤਾ ਨੂੰ ਜਾਣਕਾਰੀ ਜਾਰੀ ਕਰ ਸਕਦਾ ਹੈ।

ਡਬਲ੍ਯੂ.ਐਸ.ਆਈ.ਬੀ. (WSIB) ਨੂੰ ਇੱਕ ਕਾਪੀ ਦਿੱਤੀ ਜਾਵੇਗੀ। ਇਹ ਤੁਹਾਡੀ ਕੰਮ ਤੇ ਵਾਪਸੀ ਅਤੇ ਸਿਹਤਯਾਬੀ ਨੂੰ ਆਸਾਨ ਬਣਾਉਣ ਵਿੱਚ ਮਦਦ ਕਰਨ ਲਈ ਹੈ।

ਤੁਹਾਡੀ ਨਿੱਜੀ ਜਾਣਕਾਰੀ ਨੂੰ ਤੁਹਾਡਾ ਇਲਾਜ ਕਰ ਰਹੇ ਸਿਹਤ ਦੇਖਭਾਲ ਪੇਸ਼ਾਵਰਾਂ ਅਤੇ ਕੰਮ ਵਿੱਚ ਮੁੜ-ਸ਼ਮੂਲੀਅਤ ਦੇ ਸੇਵਾ ਪ੍ਰਦਾਤਿਆਂ ਦੇ ਨਾਲ ਸਾਂਝਾ ਕੀਤਾ ਜਾ ਸਕਦਾ ਹੈ ਇਹ ਯਕੀਨੀ ਬਣਾਉਣ ਲਈ ਕਿ ਤੁਹਾਡੇ ਲਈ ਉਚਿਤ ਡਾਕਟਰੀ ਅਤੇ ਕੰਮ ਵਿੱਚ ਮੁੜ-ਸ਼ਮੂਲੀਅਤ ਦੇ ਸਰੋਤ ਉਪਲਬਧ ਹਨ। ਬਦਲੀ ਕਰਨ ਯੋਗ ਕੁਸ਼ਲਤਾਵਾਂ, ਕੰਮ ਵਿੱਚ ਤਬਦੀਲੀ ਦੇ ਆਕਲਨਾਂ ਅਤੇ ਕੰਮ ਵਿੱਚ ਤਬਦੀਲੀ ਦੀਆਂ ਯੋਜਨਾਵਾਂ ਬਾਰੇ ਜਾਣਕਾਰੀ ਨੂੰ ਤੁਹਾਡੇ ਸੱਟ ਲੱਗਣ ਵਾਲੇ ਨੌਕਰੀਦਾਤਾ ਜਾਂ ਪਲੇਸਮੈਂਟ ਨੌਕਰੀਦਾਤਾ ਦੇ ਨਾਲ ਸਾਂਝਾ ਕੀਤਾ ਜਾ ਸਕਦਾ ਹੈ।

### ਖੋਜ ਅਤੇ ਰੋਕਥਾਮ

ਡਬਲ੍ਯੂ.ਐਸ.ਆਈ.ਬੀ. (WSIB) ਕੁਦਰਤੀ ਖੋਜ ਅਤੇ ਕਾਰਜਸਥਾਨ ਦੀਆਂ ਸੱਟਾਂ ਦੇ ਕਾਰਨਾਂ ਅਤੇ ਬਿਮਾਰੀਆਂ ਵਿੱਚ ਮਦਦ ਕਰਦੀ ਹੈ ਤਾਂ ਕਿ ਰੋਕਥਾਮ ਦੇ ਵਧੇਰੇ ਪ੍ਰਭਾਵੀ ਪ੍ਰੋਗਰਾਮਾਂ ਨੂੰ ਵਿਕਸਤ ਕੀਤਾ ਜਾ ਸਕੇ। ਡਬਲ੍ਯੂ.ਐਸ.ਆਈ.ਬੀ. (WSIB) ਆਪਣੇ ਪ੍ਰਸ਼ਾਸਨਿਕ ਡੇਟਾਬੇਸਾਂ ਨੂੰ ਸੁਰੱਖਿਆ ਏਜੰਸੀਆਂ, ਵਿਗਿਆਨਿਕ ਖੋਜੀਆਂ ਅਤੇ ਹੋਰਨਾਂ ਨੂੰ ਲੋੜ ਪੈਣ ਤੇ ਉਪਲਬਧ ਕਰਵਾ ਸਕਦੀ ਹੈ, ਜੋ ਕਿ ਜਾਣਕਾਰੀ ਦੀ ਆਜ਼ਾਦੀ ਅਤੇ ਨਿੱਜਤਾ ਦੀ ਸੁਰੱਖਿਆ ਅਧਿਨਿਯਮ ਦੇ ਮੁਤਾਬਕ ਹੁੰਦਾ ਹੈ।

ਡਬਲ੍ਯੂ.ਐਸ.ਆਈ.ਬੀ. (WSIB) ਤੀਜੇ ਧਿਰ ਦੇ ਖੋਜੀਆਂ ਨਾਲ ਠੇਕਾ ਕਰ ਸਕਦੀ ਹੈ ਤਾਂਕਿ ਕਾਰਜਸਥਾਨ ਦੀਆਂ ਸੱਟਾਂ ਅਤੇ ਬਿਮਾਰੀਆਂ ਦੇ, ਅਤੇ ਸਾਡੇ ਉਤਪਾਦਾਂ ਅਤੇ ਸੇਵਾਵਾਂ ਦੀ ਕਵਾਲਟੀ ਦੇ ਸਰਵੇਖਣ ਕੀਤੇ ਜਾ ਸਕਣ। ਤੁਹਾਡੇ ਨਾਂ ਅਤੇ ਟੈਲੀਫ਼ੋਨ ਨੰਬਰ ਦਾ ਖ਼ੁਲਾਸਾ ਇਨ੍ਹਾਂ ਤੀਜੇ ਧਿਰ ਦੇ ਖੋਜੀਆਂ ਨੂੰ ਕੀਤਾ ਜਾ ਸਕਦਾ ਹੈ ਤਾਂ ਜੋ ਉਹ ਅਜਿਹੇ ਸਰਵੇਖਣ ਵਿੱਚ ਭਾਗ ਲੈਣ ਦੀ ਤੁਹਾਡੀ ਇਜਾਜ਼ਤ ਲੈਣ ਲਈ ਤੁਹਾਡੇ ਨਾਲ ਸੰਪਰਕ ਕਰ ਸਕਣ।

### ਲਾਗੂ ਕਰਨਾ

ਕਾਰਜਸਥਾਨ ਸੁਰੱਖਿਆ ਅਤੇ ਬੀਮਾ ਪ੍ਰਣਾਲੀ ਦੀ ਸ਼ੋਸ਼ਣ ਦੇ ਖਿਲਾਫ਼ ਰੱਖਿਆ ਕਰਨ ਲਈ, ਧੋਖਾਧੜੀ ਜਾਂ ਉਲੰਘਣਾ ਦੀ ਜਾਂਚ-ਪੜਤਾਲ ਦੇ ਦੌਰਾਨ ਨਿੱਜੀ ਜਾਣਕਾਰੀ ਇਕੱਤਰ ਕੀਤੀ ਜਾ ਸਕਦੀ ਹੈ। ਜਾਣਕਾਰੀ ਨੂੰ ਲੋੜ ਪੈਣ ਤੇ ਅਤੇ ਕਨੂੰਨੀ ਤੌਰ ਤੇ ਅਧਿਕਾਰ ਮਿਲਣ ਤੇ, ਦੂਜੀਆਂ ਸਰਕਾਰੀ ਸੰਸਥਾਵਾਂ, ਪੁਲਿਸ ਅਤੇ ਅਦਾਲਤ ਨਾਲ ਸਾਂਝਾ ਕੀਤਾ ਜਾ ਸਕਦਾ ਹੈ।

## ਤੁਹਾਡੇ ਦਾਅਵੇ ਦੀ ਫਾਈਲ ਦੀ ਜਾਣਕਾਰੀ ਪ੍ਰਾਪਤ ਕਰਨਾ ਅਤੇ ਸੁਧਾਰਨਾ

ਆਪਣੇ ਦਾਅਵੇ ਦੀ ਫਾਈਲ ਦੀ ਨਕਲ ਪ੍ਰਾਪਤ ਕਰਨਾ ਆਸਾਨ ਹੈ: ਬਸ ਆਪਣੇ ਫੈਸਲਾ ਲੈਣ ਵਾਲੇ ਵਿਅਕਤੀ ਨੂੰ ਲਿਖੋ। ਡਬਲ੍ਯੂ.ਐਸ.ਆਈ.ਬੀ. (WSIB) Worker Request for Copy of Claim File **(ਦਾਅਵਾ ਫਾਈਲ ਦੀ ਨਕਲ ਲਈ ਵਰਕਰ ਦੀ ਬੇਨਤੀ)** (149.3kb, PDF) ਇਹ ਬੇਨਤੀ ਕਰਨ ਵਿੱਚ ਤੁਹਾਡੀ ਸਹਾਇਤਾ ਕਰਦਾ ਹੈ। ਤੁਸੀਂ ਵੀ ਡਬਲ੍ਯੂ.ਐਸ.ਆਈ.ਬੀ. (WSIB) ਦੀ ਸਧਾਰਨ ਪੁੱਛਗਿੱਛ ਲਾਈਨ ਤੇ ਕਾਲ ਕਰਕੇ ਇਸ ਫਾਰਮ ਦੀ ਬੇਨਤੀ ਕਰ ਸਕਦੇ ਹੋ।

ਜੇ ਤੁਹਾਨੂੰ ਆਪਣੀ ਦਾਅਵਾ ਫਾਈਲ ਦੀ ਨਕਲ ਪ੍ਰਾਪਤ ਕਰਨ ਵਿੱਚ ਕੋਈ ਸਮੱਸਿਆਵਾਂ ਹਨ, ਤਾਂ ਤੁਸੀਂ ਡਬਲੁ.ਐਸ.ਆਈ.ਬੀ. (WSIB) ਦੀ ਸਧਾਰਨ ਪੁੱਛਗਿੱਛ ਲਾਈਨ ਦੇ ਜਰੀਏ ਬਿਜ਼ਨਸ ਸਰਵਿਸਿਜ਼ (ਕਾਰੋਬਾਰੀ ਸੇਵਾਵਾਂ) ਨੂੰ ਸੰਪਰਕ ਕਰ ਸਕਦੇ ਹੋ।

ਜੇ ਤੁਹਾਨੂੰ ਲਗਦਾ ਹੈ ਕਿ ਤੁਹਾਡੇ ਰਿਕਾਰਡ ਸਹੀ ਨਹੀਂ ਹਨ, ਤਾਂ ਤੁਸੀਂ ਆਪਣੇ ਫੈਸਲਾ ਲੈਣ ਵਾਲੇ ਵਿਅਕਤੀ ਨੂੰ ਸੰਪਰਕ ਕਰਕੇ ਜਾਣਕਾਰੀ ਵਿੱਚ ਸੁਧਾਰ ਕੀਤੇ ਜਾਣ ਦੀ ਬੇਨਤੀ ਕਰ ਸਕਦੇ ਹੋ।

ਤੁਹਾਡਾ ਨੌਕਰੀਦਾਤਾ, ਅਪੀਲ ਪ੍ਰਕਿਰਿਆ ਵਿੱਚ ਭਾਗ ਲੈਂਦੇ ਸਮੇਂ ਤੁਹਾਡੀ ਦਾਅਵਾ ਫਾਈਲ ਦੀ ਨਕਲ ਪ੍ਰਾਪਤ ਕਰ ਸਕਦਾ ਹੈ – ਜੇ ਕੋਈ ਝਗੜੇ ਵਾਲੀ ਗੱਲ ਹੁੰਦੀ ਹੈ। ਜਦੋਂ ਤੁਹਾਡਾ ਨੌਕਰੀਦਾਤਾ ਤੁਹਾਡੀ ਦਾਅਵਾ ਫਾਈਲ ਦੀ ਨਕਲ ਲਈ ਬੇਨਤੀ ਕਰਦਾ ਹੈ, ਤਾਂ ਤੁਹਾਨੂੰ ਆਪਣੇ ਨੌਕਰੀਦਾਤੇ ਨੂੰ ਖਾਸ ਸਿਹਤ ਜਾਣਕਾਰੀ ਦਿੱਤੇ ਜਾਣ ਵਾਸਤੇ 21 ਦਿਨਾਂ ਦਾ ਸਮਾਂ ਦਿੱਤਾ ਜਾਂਦਾ ਹੈ। ਕਾਰਜਸਥਾਨ ਸੁਰੱਖਿਆ ਅਤੇ ਬੀਮਾ ਅਧਿਨਿਯਮ ਦੇ ਤਹਿਤ, ਨੌਕਰੀਦਾਤਾ ਅਤੇ ਨੌਕਰੀਦਾਤਾ ਦੇ ਪ੍ਰਤੀਨਿਧੀ ਦਾ ਗੁਪਤਤਾ ਦੇ ਪ੍ਰਤੀ ਫਰਜ਼ ਹੈ ਕਿ ਡਬਲੂ.ਐਸ.ਆਈ.ਬੀ. (WSIB) ਵੱਲੋਂ ਪ੍ਰਾਪਤ ਕੀਤੀ ਜਾਣਕਾਰੀ ਦਾ ਖੁਲਾਸਾ ਨਾ ਕੀਤਾ ਜਾਵੇ।

## ਆਪਣੀ ਨਿੱਜੀ ਜਾਣਕਾਰੀ ਦਾ ਨਵੀਨੀਕਰਨ ਕਰਨਾ

ਜੇ ਤੁਹਾਡੀ ਨਿੱਜੀ ਜਾਣਕਾਰੀ ਬਦਲਦੀ ਹੈ, ਜਿਵੇਂ ਕਿ ਤੁਹਾਡਾ ਪਤਾ ਜਾਂ ਕੰਮ ਦੀ ਸਥਿਤੀ, ਤਾਂ ਤੁਹਾਡਾ ਆਪਣੇ ਰਿਕਾਰਡਾਂ ਦਾ ਨਵੀਨੀਕਰਨ ਕਰਨ ਲਈ ਆਪਣੇ ਫੈਸਲਾ ਲੈਣ ਵਾਲੇ ਵਿਅਕਤੀ ਨੂੰ ਸੰਪਰਕ ਕਰਨਾ ਲਾਜ਼ਮੀ ਹੁੰਦਾ ਹੈ। ਸਾਡੇ ਗਾਹਕ ਸੇਵਾ ਪ੍ਰਤੀਨਿਧੀ ਵੀ ਤੁਹਾਡੇ ਲਈ ਇਹ ਤਬਦੀਲੀਆਂ ਕਰ ਸਕਦੇ ਹਨ ਜੇ ਤੁਸੀਂ ਡਬਲੂ.ਐਸ.ਆਈ.ਬੀ. (WSIB) ਦੀ ਸਧਾਰਨ ਪੁੱਛਗਿੱਛ ਸੇਵਾ ਨੂੰ ਕਾਲ ਕਰਦੇ ਹੋ।

## ਸੰਪਰਕ ਜਾਣਕਾਰੀ

ਆਪਣੀ ਦਾਅਵਾ ਫਾਈਲ ਦੀ ਨਕਲ ਪ੍ਰਾਪਤ ਕਰਨ ਲਈ, ਆਪਣੀ ਨਿੱਜੀ ਜਾਣਕਾਰੀ ਦਾ ਨਵੀਨੀਕਰਨ ਕਰੋ ਜਾਂ ਆਪਣੀ ਨਿੱਜੀ ਜਾਣਕਾਰੀ ਦੇ ਇਕੱਤਰਨ, ਇਸਤੇਮਾਲ ਜਾਂ ਖੁਲਾਸੇ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ, ਆਪਣੇ ਫੈਸਲਾ ਲੈਣ ਵਾਲੇ ਵਿਅਕਤੀ ਨੂੰ ਸੰਪਰਕ ਕਰੋ, ਜਾਂ ਇੱਥੇ ਕਾਲ ਕਰੋ:

**ਡਬਲੂ.ਐਸ.ਆਈ.ਬੀ. (WSIB) ਸਧਾਰਨ ਪੁੱਛਗਿੱਛ**: 416-344-1000
**ਟੋਲ-ਫ੍ਰੀ**: 1-800-387-0750
**ਟੀਟੀਵਾਈ**: 1-800-387-0050

ਨਿੱਜਤਾ ਨਾਲ ਸਬੰਧਤ ਚਿੰਤਾਵਾਂ ਜਾਂ ਮਸਲਿਆਂ ਨੂੰ ਸਿੱਧਾ ਡਬਲੂ.ਐਸ.ਆਈ.ਬੀ. (WSIB) ਨਿੱਜਤਾ ਦਫ਼ਤਰ ਵਿਖੇ **416-344-5323** ਤੇ ਸੰਬੋਧਿਤ ਕੀਤਾ ਜਾ ਸਕਦਾ ਹੈ ਜਾਂ ਉੱਪਰ ਦਿੱਤੇ ਟੋਲ-ਫ੍ਰੀ ਨੰਬਰ ਰਾਹੀਂ ਕੀਤਾ ਜਾ ਸਕਦਾ ਹੈ।

ਤੁਸੀਂ ਡਬਲੂ.ਐਸ.ਆਈ.ਬੀ. (WSIB) ਨੂੰ ਇੱਥੇ ਲਿਖਤੀ ਰੂਪ ਵਿੱਚ ਵੀ ਸੰਪਰਕ ਕਰ ਸਕਦੇ ਹੋ:

Workplace Safety and Insurance Board
200 Front Street West
Toronto, Ontario
M5V 3J1

ਡਬਲੂ.ਐਸ.ਆਈ.ਬੀ. (WSIB) ਇਸ ਦਸਤਾਵੇਜ਼ ਨੂੰ ਸੰਸ਼ੋਧਿਤ ਕਰਨ ਦਾ ਅਧਿਕਾਰ ਰਾਖਵਾਂ ਰੱਖਦਾ ਹੈ।